# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਕਲੀਸੀਆ ਦਾ ਮੁਸ਼ਕਲਾਂ ਨਾਲ ਸਾਹਮਣਾ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : Ruth Klassen


ਕਹਾਣੀ 56 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ਼ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਪਰਮੇਸ਼ਵਰ ਦੇ ਪੁੱਤਰ ਯਿਸੂ ਦੇ ਮੁਰਦਿਆਂ ਵਿੱਚੋਂ ਜੀਉਣ ਦੇ ਪੰਜਾਹ ਦਿਨ ਬਾਅਦ, ਪਵਿੱਤਰ ਆਤਮਾਂ ਉਸਦਿਆਂ ਚੇਲਿਆਂ ਦੇ ਜੀਵਣ ਵਿੱਚ ਆਇਆ। ਭਾਂਵੇ ਚੇਲਿਆਂ ਨੂੰ ਨਹੀ ਸਮਝ ਆਇਆ ਕੀ ਪਰਮੇਸ਼ਵਰ ਪਿਤਾ, ਪਰਮੇਸ਼ਵਰ ਪੁੱਤਰ (ਯਿਸੂ), ਅਤੇ ਪਰਮੇਸ਼ਵਰ ਪਵਿੱਤਰ ਆਤਮਾਂ ਕਿਵੇਂ ਇੱਕ ਪਰਮੇਸ਼ਵਰ ਹਨ, ਉਹ ਪਰਮੇਸ਼ਵਰ ਨੂੰ ਆਪਣੇ ਨਾਲ ਪਾ ਕੇ ਖੁਸ਼ ਸਨ। ਪਰਮੇਸ਼ਵਰ ਨੇ ਰਸੂਲਾਂ ਦੀ ਮਦਦ ਦੇ ਦੁਆਰਾ ਬਾਕੀਆਂ ਨੂੰ ਯਿਸੂ ਦੇ ਬਾਰੇ ਦੱਸਣ ਲਈ ਅਦਭੁਤ ਕੰਮ ਕੀਤੇ।



1

ਜਿਹੜੇ ਲੋਕ ਯਿਸੂ ਤੇ ਵਿਸ਼ਵਾਸ਼ ਕਰਦੇ ਸਨ ਉਹਨਾਂ ਨੇ ਆਪਣਾ ਸਭ ਕੁਝ ਵੰਡ ਦਿੱਤਾ ਅਤੇ ਗਰੀਬਾਂ ਦਾ ਧਿਆਨ ਰੱਖਿਆ। ਪਰ ਇੱਕ ਜੋੜਾ ਅਨਨੀਆ ਅਤੇ ਸਫ਼ੀਰਾ ਆਗਿਆ ਕਾਰੀ ਨਾ ਰਹੇ। ਉਹਨਾਂ ਕੁਝ ਜ਼ੁਗਾ ਵੇਚੀ ਰਸੂਲਾਂ ਦੇ ਕੋਲ ਲਿਆਉਣ ਲਈ ਪਾਖੰਡ ਕੀਤਾ। ਉਹਨਾਂ ਨੇ ਕੁਝ ਆਪਣੇ ਲਈ ਰੱਖ ਲਈ।



2


“ਸ਼ੈਤਾਨ ਨੇ ਤੁਹਾਡਾ ਦਿਮਾਗ ਪਵਿੱਤਰ ਆਤਮਾ ਨਾਲ ਝੂਠ ਬੋਲਣ ਲਈ ਕਿਉਂ ਭਰ ਦਿੱਤਾ?” ਪਤਰਸ ਨੇ ਅਨਨੀਆ ਨੂੰ ਪੁੱਛਿਆ।
3
“ਤੂੰ ਮਨੁੱਖ ਨੂੰ ਨਹੀ ਪਰ ਪਰਮੇਸ਼ਵਰ ਨੂੰ ਝੂਠ ਬੋਲਿਆ ਹੈ।” ਤਦ ਅਨਨੀਆ ਡਿੱਗ ਪਿਆ ਅਤੇ ਆਪਣਾ ਆਖਰੀ ਸਾਹ ਲਿਆ। ਅਤੇ ਜਵਾਨ ਮਨੁੱਖਾਂ ਨੇ ਉਸ ਨੂੰ ਵਲੇਟਿਆ, ਚੁੱਕ ਕੇ ਬਾਹਰ ਲੈ ਗਏ ਅਤੇ ਦਫ਼ਨਾ ਦਿੱਤਾ।
4
ਕੁਝ ਸਮੇ ਬਾਅਦ, ਸਫ਼ੀਰਾ ਇਹ ਨਾ ਜਾਣਦੀ ਹੋਈ ਕੀ ਉਸਦਾ ਪਤੀ ਮਰ ਗਿਆ ਹੈ,ਅੰਦਰ ਆਈ। ਉਸਨੇ ਵੀ ਰੁਪਏ ਲਈ ਝੂਠ ਬੋਲਿਆ – ਅਤੇ ਉਹੀ ਕੁਝ ਉਸਦੇ ਨਾਲ ਵੀ ਹੋਇਆ। ਉਹਨਾਂ ਸਭਨਾਂ ਦੇ ਅੰਦਰ ਵੱਡਾ ਡਰ ਆ ਗਿਆ ਜਿਹਨਾਂ ਨੇ ਇਸ ਨੂੰ ਸੁਣਿਆ।
5
ਪਰਮੇਸ਼ਵਰ ਦੀ ਪਵਿੱਤਰ ਆਤਮਾ ਨੇ ਬਹੁਤ ਸਾਰੇ ਚਿੰਨ ਅਤੇ ਅਦਭੁਤ ਕੰਮ ਰਸੂਲਾਂ ਦੇ ਦੁਆਰਾ ਕੀਤੇ। ਉਦਾਹਰਣ ਵਜੋਂ, ਜਦੋਂ ਪਤਰਸ ਦਾ ਪਰਸ਼ਾਵਾਂ ਉਹਨਾਂ ਤੇ ਪਿਆ ਤਾਂ ਬਿਮਾਰ ਚੰਗੇ ਹੋ ਗਏ।
6
ਇਹ ਮਹਾਨ ਚਮਤਕਾਰਾਂ ਦਾ ਸਮਾਂ ਸੀ, ਜੋ ਪਰਮੇਸ਼ਵਰ ਦੀ ਮੌਜੂਦਗੀ ਨੂੰ ਦਿਖਾ ਰਿਹਾ ਸੀ।
7
ਬਹੁਤ ਅਤੇ ਬਹੁਤ ਲੋਕਾਂ ਨੇ ਯਿਸੂ ਤੇ ਵਿਸ਼ਵਾਸ਼ ਕੀਤਾ। ਇਸ ਨੇ ਮਹਾਂ – ਯਾਜਕ ਨੂੰ ਬਹੁਤ ਗੁੱਸਾ ਦਵਾਇਆ। ਉਸ ਨੇ ਰਸੂਲਾਂ ਨੂੰ ਜੇਲ ਵਿੱਚ ਸੁੱਟ ਦਿੱਤਾ।
8



ਪਰ ਪਰਮੇਸ਼ਵਰ ਦੇ ਦੂਤ ਨੇ ਰਾਤ ਦੇ ਵੇਲੇ ਜੇਲ ਦੇ ਦਰਵਾਜੇ ਖੋਲ ਦਿੱਤੇ ਅਤੇ ਉਹਨਾਂ ਨੂੰ ਬਾਹਰ ਕੱਢਿਆ, ਅਤੇ ਕਿਹਾ, "ਜਾਉ, ਮੰਦਰ ਦੇ ਵਿੱਚ ਖੜ੍ਹੇ ਹੋ ਕੇ ਸਾਰਿਆ ਲੋਕਾਂ ਨੂੰ ਇਸ ਜਿੰਦਗੀ ਦੇ ਵਚਨ ਨੂੰ ਦੱਸੋ।"

9



ਰਸੂਲਾਂ ਨੇ ਬਾਹਰ ਜਾ ਕੇ ਯਿਸੂ ਦੇ ਬਾਰੇ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ। ਸਵੇਰ ਦੇ ਵੇਲੇ, ਮਹਾਂ – ਯਾਜਕ ਦੇ ਮਨੁੱਖਾਂ ਨੇ ਜੇਲ ਨੂੰ ਖਾਲੀ ਪਾਇਆ।

10

ਅੰਤ ਵਿੱਚ ਜਦ ਮਹਾਂ – ਯਾਜਕ ਨੇ ਉਹਨਾਂ ਨੂੰ ਲੱਭ ਲਿਆ ਤਾਂ ਰਸੂਲਾਂ ਤੇ ਬਹੁਤ ਗੁੱਸਾ ਕੀਤਾ। "ਕੀ ਅਸੀ ਤੁਹਾਨੂੰ ਬੜੀ ਹੀ ਸਖਤੀ ਨਾਲ ਹੁਕਮ ਨਹੀ ਦਿੱਤਾ ਕੀ ਤੁਸੀ ਇਸ ਨਾ ਦਾ ਪਰਚਾਰ ਨਹੀ ਕਰਨਾ?" "ਸਾਨੂੰ ਮਨੁੱਖ ਨਾਲੋਂ ਪਰਮੇਸ਼ਵਰ ਦੀ ਆਗਿਆ ਮੰਨਣੀ ਚਾਹੀਦੀ ਹੈ," ਪਤਰਸ ਅਤੇ ਬਾਕੀ ਰਸੂਲਾਂ ਨੇ ਉੱਤਰ ਦਿੱਤਾ।



11

ਮਹਾਂ – ਯਾਜਕ ਨੂੰ ਬਹੁਤ ਗੁੱਸਾ ਆਇਆ, ਉਹ ਰਸੂਲਾਂ ਨੂੰ ਮਾਰਨਾਂ ਚਾਹੁੰਦਾ ਸੀ। ਉਸਦੀ ਜ੍ਹਗਾ ਤੇ ਉਸ ਨੇ ਹੁਕਮ ਦਿੱਤਾ ਕੇ ਇਹਨਾਂ ਨੂੰ ਕੁੱਟ ਕੇ ਛੱਡ ਦਿੱਤਾ ਜਾਵੇ। ਦਰਦ ਦੇ ਬਾਵਜੂਦ ਵੀ ਰਸੂਲਾਂ ਨੇ ਪਰਮੇਸ਼ਵਰ ਦੀ ਆਗਿਆ ਮੰਨੀ ਅਤੇ ਯਿਸੂ ਦੇ ਬਾਰੇ ਪਰਚਾਰ ਕਰਨਾ ਜਾਰੀ ਰੱਖਿਆ।



12

ਇੱਕ ਦਿਨ ਸਤਿਫ਼ਨੁਸ ਨਾ ਦਾ ਮਨੁੱਖ ਫੜਿਆ ਗਿਆ। ਸਤਿਫ਼ਨੁਸ ਪ੍ਰਭੂ ਯਿਸੂ ਨੂੰ ਪਿਆਰ ਕਰਦਾ ਸੀ। ਪਵਿੱਤਰ ਆਤਮਾ ਉਸਨੂੰ ਬਾਕੀਆ ਨੂੰ ਯਿਸੂ ਦੇ ਬਾਰੇ ਦੱਸਣ ਲਈ ਇਸਤੇਮਾਲ ਕਰ ਰਹੀ ਸੀ।



13

ਕੁੱਝ ਮਨੁੱਖਾਂ ਨੇ ਇਹ ਕਹਿ ਕੇ ਝੂਠ ਬੋਲਿਆ, ਕੀ ਸਤਿਫ਼ਨੁਸ ਪਰਮੇਸ਼ਵਰ ਦੇ ਖਿਲਾਫ ਬੋਲ ਰਿਹਾ ਹੈ। ਮਜ਼ਾਕ ਉਡਾਉਣ ਦੇ ਸਮੇ ਤੋਂ ਬਾਅਦ, ਸਤਿਫ਼ਨੁਸ ਨੂੰ ਪਥਰਾਵ ਦੀ ਮੌਤ ਦਿੱਤੀ ਗਈ ਕਿਉਂਕਿ ਉਸਨੂੰ ਯਿਸੂ ਉੱਤੇ ਵਿਸ਼ਵਾਸ਼ ਸੀ।



14

ਮਰਨ ਤੋਂ ਪਹਿਲਾਂ,ਸਤਿਫ਼ਨੁਸ
ਪਵਿੱਤਰ ਆਤਮਾ ਨਾਲ ਭਰ ਕੇ,
ਸਵਰਗ ਵੱਲ ਤੱਕਿਆ ਅਤੇ
ਪਰਮੇਸ਼ਵਰ ਦੀ ਮਹਿਮਾਂ
ਨੂੰ ਅਤੇ ਪਰਮੇਸ਼ਵਰ
ਦੇ ਸੱਜੇ ਹੱਥ ਖੜ੍ਹਾ
ਵੇਖਿਆ।ਭੀੜ
ਸਤਿਫ਼ਨੁਸ ਨੂੰ
ਪਥਰਾਵ ਕਰਦੀ
ਰਹੀ ਜਦ ਉਹ
ਪਰਮੇਸ਼ਵਰ ਨੂੰ
ਪੁਕਾਰ ਕੇ ਕਹਿ ਰਿਹਾ
ਸੀ, "ਪ੍ਰਭੂ ਯਿਸੂ,
ਮੇਰੀ ਆਤਮਾ ਨੂੰ
ਕਬੂਲ ਕਰੋ।"



15

ਤਦ, ਯਿਸੂ ਦੀ ਤ੍ਰਾਂ ਸਲੀਬ
ਉੱਤੇ, ਇਸ ਬਹਾਦਰ ਮਨੁੱਖ ਨੇ
ਉਸਦੇ ਆਖਰੀ ਸਾਹਾਂ ਨੂੰ
ਪ੍ਰਾਥਨਾਂ ਲਈ ਇਸਤੇਮਾਲ
ਕੀਤੇ ਕੀ ਪਰਮੇਸ਼ਵਰ
ਉਸਨੂੰ ਮਾਰਨ
ਵਾਲਿਆਂ ਨੂੰ
ਮਾਫ਼ ਕਰੇ।



16

ਸਤਿਫ਼ਨੁਸ ਦੀ ਮੌਤ ਨਾਲ ਜ਼ੁਲਮ ਦੀ ਇੱਕ ਨਵੀ ਲਹਿਰ ਦੀ ਸ਼ੁਰੂਆਤ ਹੋਈ। ਇੱਕ ਜਵਾਨ ਮਨੁੱਖ ਜਿਸ ਦਾ ਨਾ ਸ਼ੋਲ ਸੀ, ਜਿਸ ਨੇ ਸਤਿਫ਼ਨੁਸ ਦੇ ਕਤਲ ਵਿੱਚ ਮਦਦ ਕੀਤੀ ਸੀ, ਉਹਨਾਂ ਸਾਰੇ ਮਸੀਹੀਆਂ ਨੂੰ ਗਿਰਫ਼ਤਾਰ ਕਰ ਰਿਹਾ ਸੀ ਜੋ ਉਸਨੂੰ ਮਿਲਦੇ ਸਨ। ਬਹੁਤ ਸਾਰੇ ਆਪਣੇ ਘਰਾਂ ਨੂੰ ਛੱਡ ਕੇ ਭੱਜ ਗਏ ਅਤੇ ਜੂਦੀਆ ਵਿੱਚ ਅਤੇ ਸਾਮਰੀਯਾ ਵਿੱਚ ਫ਼ੈਲ ਗਏ।
ਸਿਰਫ਼ ਰਸੂਲ
ਹੀ



ਯਰੂਸ਼ਲਮ ਦੇ ਵਿੱਚ ਰੁਕੇ ਰਹੇ।

17

ਇੱਥੋਂ ਤੱਕ ਉਹਨਾਂ ਦੇ ਦੁਸ਼ਮਣਾਂ ਨੇ ਉਹਨਾਂ ਨੂੰ ਮਾਰਨ ਦੀ ਕੋਸ਼ੀਸ਼ ਕੀਤੀ. ਜਿਹੜੇ ਨਿੱਖੜ ਗਏ ਸਨ ਉਹਨਾਂ ਨੇ ਹਰ ਜੁਗਾ ਜਾ ਕੇ ਯਿਸੂ ਦੇ ਬਾਰੇ ਸ਼ੁੱਭ ਸਮਾਚਾਰ ਦਾ ਪਰਚਾਰ ਕੀਤਾ।ਯਿਸੂ ਦੇ ਪਿੱਛੇ ਚੱਲਣ ਵਾਲਿਆਂ ਨੂੰ ਕੋਈ ਨਹੀ ਰੋਕ ਸਕਦਾ – ਕਿਉਂਕਿ ਪਰਮੇਸ਼ਵਰ
ਦਾ ਪਵਿੱਤਰ ਆਤਮਾਂ ਉਹਨਾਂ ਵਿੱਚ
ਰਹਿੰਦਾ ਹੈ ਅਤੇ ਉਹਨਾਂ
ਦੁਆਰਾ ਕੰਮ ਕਰਦਾ ਹੈ।



18

ਕਲੀਸੀਆ ਦਾ ਮੁਸ਼ਕਲਾਂ ਨਾਲ ਸਾਹਮਣਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਰਸੂਲਾਂ ਦੇ ਕਰਤੱਵ 5-7

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।